# <u>ਹੋਮਿਓਪੈਥਿਕ ਵਿਭਾਗ ਪੰਜਾਬ, ਚੰਡੀਗੜ੍ਹ</u>

## <u>ਅਨੁਲੱਗ 1</u>

ਸੂਚਨਾ ਦੇ ਅਧਿਕਾਰ ਐਕਟ 2005 ਦੀ ਧਾਰਾ 4 (1)(ਬੀ)(ਜ) ਤਹਿਤ ਦਰਸਾਈ ਗਏ ਵਿਸਿਆਂ ਸਬੰਧੀ ਸੂਚਨਾ ਨੂੰ ਪ੍ਰਕਾਸਿ.ਤ ਕਰਨਾ ।

**(ਸੰਸਥਾ ਦਾ ਬਣਤਰ, ਕੰਮਕਾਜ ਅਤੇ ਫਰਜ)**

ਵਿਭਾਗ ਦਾ ਨਾਂ: ਹੋਮਿਓਪੈਥਿਕ ਵਿਭਾਗ ਪੰਜਾਬ, ਚੰਡੀਗੜ੍ਹ ।

| ਲੜੀ ਨੰ: | ਸੰਗਠਨ/ਵਿਭਾਗ/ਬੋਰਡ/ ਕਾਰਪੋਰੇਸਨ/ਸੰਸਥਾ ਦਾ ਨਾਂ | ਕੰਮਕਾਜ ਅਤੇ ਫਰਜ. (ਸੰਖੇਪ ਵਿੱਚ) |
|---|---|---|
| 1 | **ਹੋਮਿਓਪੈਥਿਕ ਵਿਭਾਗ ਪੰਜਾਬ, ਚੰਡੀਗੜ੍ਹ** | ਸਾਲ 1976 ਵਿੱਚ ਹੋਮਿਓਪੈਥਿਕ ਵਿਭਾਗ ਪੰਜਾਬ ਰਾਜ ਵਿੱਚ ਹੋਮਿਓਪੈਥੀ ਰਾਹੀਂ ਸਿਹਤ ਸੰਭਾਲ ਦਾ ਪ੍ਰਬੰਧ, ਸਥਾਪਨਾ, ਵਿਸਥਾਰ ਅਤੇ ਸੁਧਾਰ ਲਈ ਹੋਂਦ ਵਿੱਚ ਆਇਆ ਸੀ। ਹੋਮਿਓਪੈਥਿਕ ਵਿਭਾਗ ਸਾਲ 1976 ਤੋਂ ਪ੍ਰਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਪ੍ਰਬੰਧਕੀ ਕੰਟਰੋਲ ਅਧੀਨ ਕੰਮ ਕਰ ਰਿਹਾ ਹੈ,ਜਿੰਨਾਂ ਦੀ ਸਹਾਇਤਾ ਮੁੱਖੀ ਹੋਮਿਓਪੈਥਿਕ ਵਿਭਾਗ, ਪੰਜਾਬ ਬਤੌਰ ਡਾਇਰੈਕਟਰ ਹੋਮਿਓਪੈਥੀ ਕਰਦੇ ਹਨ ।ਇਸ ਸਮੇਂ ਰਾਜ ਵਿੱਚ 107 ਸਰਕਾਰੀ ਹੋਮਿਓਪੈਥਿਕ ਡਿਸਪੈਸਰੀਆਂ ਕੰਮ ਕਰ ਰਹੀਆ ਹਨ । ਇਨ੍ਹਾਂ ਡਿਸਪੈਸਰੀਆਂ ਨੂੰ ਚਲਾਉਣ ਅਤੇ ਇਨ੍ਹਾਂ ਦਾ ਪ੍ਰਬੰਧਕੀ ਕੰਮ ਇੱਕ ਹੋਮਿਓਪੈਥਿਕ ਵਿਭਾਗ ਦਾ ਮੁੱਖੀ, 15 ਇੰਚਾਰਜ ਜਿਲਾ ਪੱਧਰ, ਸਰਕਾਰੀ ਹੋਮਿਓਪੈਥਿਕ ਡਿਸਪੈਸਰੀ/ਸਹਾਇਕ ਡਾਇਰੈਕਟਰ ਹੋਮਿਓਪੈਥੀ ਅਤੇ 94 ਹੋਮਿਓਪੈਥਿਕ ਮੈਡੀਕਲ ਅਫਸਰ ਕਰਦੇ ਹਨ । ਇਨ੍ਹਾਂ ਡਿਸਪੈਸਰੀਆਂ ਰਾਹੀਂ ਪੰਜਾਬ ਰਾਜ ਵਿੱਚ ਸਾਲਾਨਾ ਲਗਭਗ 15 ਲੱਖ ਮਰੀਜਾਂ ਦੀ ਮੁੱਢਲੀ ਸਿਹਤ ਸੰਭਾਲ ਕੀਤੀ ਜਾਂਦੀ ਹੈ। ਹੋਮਿਓਪੈਥਿਕ ਵਿਭਾਗ ਹੋਮਿਓਪੈਥਿਕ ਇਲਾਜ ਪ੍ਰਣਾਲੀ ਨੂੰ ਲਾਗੂ ਕਰ ਰਿਹਾ ਹੈ । ਹੋਮਿਓਪੈਥਿਕ ਵਿਭਾਗ ਦੇ ਮੁੱਖ ਕੰਮਕਾਜ ਹਨ :<br>1. ਪੰਜਾਬ ਦੇ ਵਸਨੀਕਾਂ ਨੂੰ ਮੁੱਢਲੀ ਸਿਹਤ ਸੰਭਾਲ ਪ੍ਰਦਾਨ ਕਰਨਾ ।<br>2. ਛੋਟਾ ਪਰਿਵਾਰ ਅਪਨਾਉਣ ਲਈ ਵਰਤੇ ਜਾਂਦੇ ਤਰੀਕੇ ਜਿਵੇਂ ਕਿ ਨਸਬਦੀ, ਨਲਬੰਦੀ, ਗਰਭ ਨਿਰੋਧੀ ਉਪਾਅ ਸਬੰਧੀ ਜਾਗਰੂਕਤਾ ਪੈਦਾ ਕਰਨਾ।<br>3. ਹੋਰ ਰਾਸਟਰੀ ਸਿਹਤ ਪ੍ਰੋਗਰਾਮਾਂ ਵਿੱਚ ਸਹਾਇਤਾ ਕਰਨਾ। |